I/777043/2024 SSWCD-10/218/2022-5DC/

**ਪੰਜਾਬ ਸਰਕਾਰ**

**ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ**

**(ਡਿਸਏਬਿਲਟੀ ਸੈੱਲ)**

ਪੀ.ਏ./ਡੀ.ਏ./480
ਮਿਤੀ: 14-02-2024

**ਵਿਸ਼ਾ:-** **ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ੍ਰੇਣੀਆਂ ਦੀ ਭਲਾਈ ਲਈ ਕਮੇਟੀ ਦੀ ਹੋਈ ਮੀਟਿੰਗ ਦੀ ਕਾਰਵਾਈ ਵਿੱਚੋਂ ਟੂਕ ਭੇਜਣ ਬਾਰੇ-ਅੰਗਹੀਣ ਸਰਟੀਫਿਕੇਟਾਂ ਦੀ ਜਾਂਚ ਕਰਵਾਉਣ ਸਬੰਧੀ।**

*****

ਸੰਮੂਹ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰ: SSWCD-10/218/2022-5DC/471 ਮਿਤੀ 29.11.2022, ਮਿਤੀ 22.12.2022, ਮਿਤੀ 16.02.2023 ਅਤੇ ਮਿਤੀ 23.02.2023 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਹਵਾਲਾ ਅਧੀਨ ਪੱਤਰ ਰਾਹੀਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਪ੍ਰਾਪਤ ਪੱਤਰ ਨੰ. SJEM-RCWB09/70/2022-RC-3/454486 ਮਿਤੀ 07.11.2022 ਰਾਹੀਂ ਪੰਜਾਬ ਵਿਧਾਨ ਸਭਾ (ਭਲਾਈ ਕਮੇਟੀ ਸ਼ਾਖਾ) ਦੇ ਪੱਤਰ ਨੰ: 12-ਭ.ਕ.ਸ./2022-23/13902 ਮਿਤੀ 09-09-2022 ਦੀ ਕਾਪੀ ਸਹਿ-ਪੱਤਰਾਂ ਸਮੇਤ ਆਪ ਨੂੰ ਭੇਜਕੇ ਬੇਨਤੀ ਕੀਤੀ ਗਈ ਸੀ ਕਿ ਇਸ ਮੰਗ ਪੱਤਰ ਦੇ ਨੁਕਤਾ ਨੰ: 23 ਦੀ ਮੰਗ ਅਨੁਸਾਰ ਆਪਣੇ ਵਿਭਾਗ ਅਤੇ ਬੋਰਡ/ਕਾਰਪੋਰੇਸ਼ਨਾਂ ਵਿੱਚ ਕੰਮ ਕਰਦੇ ਸਮੂਹ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦੇ ਦਿਵਿਆਂਗਤਾ ਸਰਟੀਫਿਕੇਟਾਂ ਦੀ ਜਾਂਚ PGIMER ਚੰਡੀਗੜ੍ਹ ਤੋਂ ਕਰਵਾਉਣ ਉਪਰੰਤ ਮੰਗੀ ਗਈ ਸੂਚਨਾ ਪ੍ਰੋਫਾਰਮੇ ਵਿੱਚ ਭਰਕੇ ਭੇਜੀ ਜਾਵੇ। ਇਸ ਉਪਰੰਤ ਹਵਾਲਾ ਅਧੀਨ ਪੱਤਰ ਮਿਤੀ 16.02.2023 ਰਾਹੀਂ ਬੇਨਤੀ ਕੀਤੀ ਗਈ ਕਿ ਆਪਣੇ ਵਿਭਾਗ ਅਤੇ ਆਪ ਦੇ ਅਧੀਨ ਆਉਂਦੇ ਬੋਰਡ/ਕਾਰਪੋਰੇਸ਼ਨਾਂ ਵਿੱਚ ਕੰਮ ਕਰਦੇ ਸਮੂਹ ਦਿਵਿਆਂਗ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣੇ ਪੱਧਰ ਤੇ PGMIER ਚੰਡੀਗੜ੍ਹ ਵਿਖੇ ਨਾ ਭੇਜਿਆ ਜਾਵੇ, ਬਲਕਿ ਉਕਤ ਅਧਿਕਾਰੀਆਂ/ਕਰਮਚਾਰੀਆਂ ਦੀ ਸੂਚਨਾ ਨਾਲ ਨੱਥੀ ਪ੍ਰੋਫਾਰਮੇ ਵਿੱਚ ਭਰ ਕੇ ਇਸ ਵਿਭਾਗ ਨੂੰ ਭੇਜੀ ਜਾਵੇ, ਤਾਂ ਜੋ ਉਨ੍ਹਾਂ ਨੂੰ ਇਸ ਵਿਭਾਗ ਵੱਲੋਂ ਹੀ ਸਿੱਧੇ ਤੌਰ ਤੇ PGMIER ਚੰਡੀਗੜ੍ਹ ਵਿਖੇ ਮੈਡੀਕਲ ਮੁਆਇਨੇ ਲਈ ਭੇਜਿਆ ਜਾ ਸਕੇ। ਇਸ ਤੋਂ ਇਲਾਵਾ ਇਹ ਵੀ ਲਿਖਿਆ ਗਿਆ ਸੀ ਕਿ ਜਦੋਂ ਤੱਕ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦੇ ਮੈਡੀਕਲ ਮੁਆਇਨੇ ਸਬੰਧੀ PGIMER ਤੋਂ ਰਿਪੋਰਟ ਪ੍ਰਾਪਤ ਨਹੀਂ ਹੋ ਜਾਂਦੀ ਹੈ, ਉਦੋਂ ਤੱਕ ਕੇਵਲ ਇਸੀ ਵਜ੍ਹਾ ਨੂੰ ਹੀ ਮੁੱਖ ਰੱਖਦੇ ਹੋਏ ਕਿਸੇ ਦਿਵਿਆਂਗ ਅਧਿਕਾਰੀ/ਕਰਮਚਾਰੀ ਦੀ ਤਨਖਾਹ ਜਾਂ ਸਰਵਿਸ ਵਿੱਚ ਹੋਰ ਕੋਈ ਵੀ ਬਣਦਾ ਲਾਭ ਨਾ ਰੋਕਿਆ ਜਾਵੇ।

3. ਇਸ ਸਬੰਧੀ ਵਿਭਾਗ ਵਲੋਂ PGIMER ਚੰਡੀਗੜ੍ਹ ਨਾਲ ਰਾਬਤਾ ਕਾਇਮ ਕੀਤਾ ਗਿਆ, ਪ੍ਰੰਤੂ PGIMER, ਚੰਡੀਗੜ੍ਹ ਵਲੋਂ ਕੰਮ ਦੀ ਬਹੁਤਾਤ ਅਤੇ ਸਟਾਫ ਦੀ ਘਾਟ ਨੂੰ ਮੁੱਖ ਕਾਰਨ ਦਸਦੇ ਹੋਏ, ਮੈਡੀਕਲ ਮੁਆਇਨਾ ਕਰਨ ਵਿੱਚ ਅਸਮਰੱਥਤਾ ਜਾਹਿਰ ਕੀਤੀ ਗਈ। ਇਸ ਉਪਰੰਤ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ ਨਾਲ ਰਾਬਤਾ ਕਾਇਮ ਕੀਤਾ ਗਿਆ ਜਿਸ ਦੇ ਸਨਮੁੱਖ ਡਾਇਰੈਕਟ, ਮੈਡੀਕਲ ਸਿੱਖਿਆ ਅਤੇ ਖੋਜ, ਪੰਜਾਬ ਵੱਲੋਂ ਪੱਤਰ ਨੰ:3ਐਮ.ਈ.2 ਪੰ/2023/13583 ਮਿਤੀ 26.09.2023 ਰਾਹੀਂ ਪੰਜਾਬ ਰਾਜ ਦੇ ਸਮੂਹ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆ ਦਾ ਮੈਡੀਕਲ ਮੁਆਇਨਾ/ਸਰਟੀਫਿਕੇਟਾ ਦੀ ਜਾਂਚ ਕਰਨ ਲਈ ਪੰਜਾਬ ਰਾਜ ਵਿੱਚ 4 ਵੱਖ-ਵੱਖ ਮੈਡੀਕਲ ਬੋਰਡ ਗਠਿਤ ਕੀਤੇ ਗਏ ਹਨ।

4. ਇਸ ਲਈ ਆਪ ਨੂੰ ਬੇਨਤੀ ਹੈ ਕਿ ਆਪ ਦੇ ਵਿਭਾਗ ਅਤੇ ਉਨ੍ਹਾਂ ਦੇ ਅਧੀਨ ਆਉਂਦੇ ਬੋਰਡ/ਕਾਰਪੋਰੇਸ਼ਨਾਂ/ਅਦਾਰਿਆਂ ਵਿਚ ਕੰਮ ਕਰਦੇ ਸਮੂਹ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦਾ ਮੈਡੀਕਲ ਮੁਆਇਨਾ/ਅੰਗਹੀਣ ਸਰਟੀਫਿਕੇਟ ਦੀ ਜਾਂਚ ਹੇਠ ਦਰਸਾਏ 4 ਵੱਖ-ਵੱਖ ਮੈਡੀਕਲ ਬੋਰਡਾਂ ਪਾਸੋਂ ਕਰਵਾਈ ਜਾਵੇ। ਇਸ ਸਬੰਧੀ ਜਿਨ੍ਹਾਂ ਦਿਵਿਆਂਗ ਅਧਿਕਾਰੀਆ/ਕਰਮਚਾਰੀਆਂ ਦਾ ਮੈਡੀਕਲ ਮੁਆਇਨਾ/ਅੰਗਹੀਣ ਸਰਟੀਫਿਕੇਟ ਦੀ ਜਾਂਚ ਕਰਵਾਈ ਜਾਣੀ ਹੈ ਉਨ੍ਹਾਂ ਦੀ ਸੂਚੀ ਸਬੰਧਤ ਮੈਡੀਕਲ ਬੋਰਡ ਨੂੰ ਭੇਜੀ ਜਾਵੇ ਤਾ ਦਿਵਿਆਂਜਨਾ ਅਤੇ ਸਬੰਧਤ ਮੈਡੀਕਲ ਬੋਰਡ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ:-

| ਲੜੀ ਨੰ: | ਸੰਸਥਾ ਦਾ ਨਾਂ | ਡਾਕਟਰ ਦਾ ਨਾਮ ਅਤੇ ਅਹੁੱਦਾ |
|---|---|---|
| 1 | ਸਰਕਾਰੀ ਮੈਡੀਕਲ ਕਾਲਜ, ਪਟਿਆਲਾ। | ਡਾ. ਗੁਰਪਾਲ ਸਿੰਘ, ਐਸੋਸੀਏਟ ਪ੍ਰੋਫੈਸਰ, ਮੈਡੀਸਨ ਵਿਭਾਗ। |
| | | ਡਾ. ਰੋਮੈਲ ਮੋਗੀ, ਐਸੋਸੀਏਟ ਪ੍ਰੋਫੈਸਰ, ਸਰਜਰੀ ਵਿਭਾਗ। |
| | | ਡਾ. ਅਰਵਿੰਦ ਕੁਮਾਰ, ਸਹਾਇਕ ਪ੍ਰੋਫੈਸਰ, ਆਰਥੋ ਵਿਭਾਗ। |

Please update on website
Project Director PSR

342(ਸਮਾਜ) 15/2/24

13/02/24

| | | |
|---|---|---|
| | | ਡਾ. ਅਸ਼ੀਸ਼ ਕਾਵਿਆ, ਸਹਾਇਕ ਪ੍ਰੋਫੈਸਰ, ਪੀ. ਐਮ.ਆਰ। |
| 2 | ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਡਾ. ਸੱਤਪਾਲ ਆਲੂਣਾ, ਪ੍ਰੋਫੈਸਰ, ਮੈਡੀਕਲ ਵਿਭਾਗ। |
| | | ਡਾ. ਬਸੰਤ ਰਾਏ, ਐਸੋਸੀਏਟ ਪ੍ਰੋਫੈਸਰ, ਆਰਥੋ ਵਿਭਾਗ। |
| | | ਡਾ. ਅਰਵਿੰਦਰ ਸਿੰਘ ਮਾਨ, ਐਸੋਸੀਏਟ ਪ੍ਰੋਫੈਸਰ, ਈ.ਐਨ.ਟੀ. ਵਿਭਾਗ। |
| | | ਡਾ. ਰਾਜੇਸ਼ ਕੁਮਾਰ, ਐਸੋਸੀਏਟ ਪ੍ਰੋਫੈਸਰ, ਆਈ ਵਿਭਾਗ |
| 3 | ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ | ਡਾ. ਚੰਦਨਪ੍ਰੀਤ ਕੌਰ, ਐਸੋਸੀਏਟ ਪ੍ਰੋਫੈਸਰ, ਪੀ.ਐਮ.ਆਰ। |
| | | ਡਾ. ਅਜੇਬੀਰ ਸਿੰਘ, ਸਹਾਇਕ ਪ੍ਰੋਫੈਸਰ, ਆਰਥੋ ਪੈਡਿਕਸ। |
| | | ਡਾ. ਕਮਲਦੀਪ ਕੌਰ, ਸਹਾਇਕ ਪ੍ਰੋਫੈਸਰ, ਮੈਡੀਸਨ। |
| | | ਡਾ. ਗੁਰਸਿਮਰਨਪਾਲ ਸਿੰਘ, ਸਹਾਇਕ ਪ੍ਰੋਫੈਸਰ, ਈ.ਐਨ.ਟੀ। |
| | | ਡਾ . ਗਗਨਦੀਪ ਕੌਰ, ਸਹਾਇਕ ਪ੍ਰੋਫੈਸਰ। |
| 4 | ਡਾ. ਬੀ.ਆਰ.ਅੰਬੇਦਕਰ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਮੋਹਾਲੀ। | ਡਾ. ਅਮਿਤ ਲਖਾਨੀ, ਐਸੋਸੀਏਟ ਪ੍ਰੋਫੈਸਰ, ਆਰਥੋ ਵਿਭਾਗ। |
| | | ਡਾ. ਸੋਨੀਆ ਫੂਲਕੇ, ਐਸੋਸੀਏਟ ਪ੍ਰੋਫੈਸਰ, ਅੱਖਾਂ ਦਾ ਵਿਭਾਗ। |
| | | ਡਾ. ਹਿਮਾਸ਼ੂ ਕੁਮਾਰ ਮਿੱਤਲ, ਐਸੋਸੀਏਟ ਪ੍ਰੋਫੈਸਰ, ਈ.ਐਨ.ਟੀ ਵਿਭਾਗ। |

5. ਆਪ ਦੇ ਵਿਭਾਗ ਅਧੀਨ ਆਉਂਦੇ ਬੋਰਡ/ਕਾਰਪੋਰੇਸ਼ਨਾਂ/ਅਦਾਰਿਆ ਵਿਚ ਕੰਮ ਕਰਦੇ ਸਮੂਹ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦਾ ਮੈਡੀਕਲ ਮੁਆਇਨਾ/ਅੰਗਹੀਣ ਸਰਟੀਫਿਕੇਟ ਦੀ ਜਾਂਚ ਕਰਵਾਉਣ ਉਪਰੰਤ ਉਨ੍ਹਾਂ ਸਬੰਧੀ ਰਿਪੋਰਟ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਸੰਕਲਿਤ ਕਰਕੇ ਜਲਦੀ ਤੇ ਜਲਦੀ ਇਸ ਵਿਭਾਗ ਨੂੰ ਭਿਜਵਾਉਣ ਦੀ ਖੇਚਲ ਕੀਤੀ ਜਾਵੇ ਜੀ ਤਾਂ ਜੋ ਵਿਧਾਨ ਸਭਾ ਦੀ ਕਮੇਟੀ ਨੂੰ ਇਸ ਸਬੰਧੀ ਸੂਚਿਤ ਕੀਤਾ ਜਾ ਸਕੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

(ਸ਼ੇਨਾ ਅਗਰਵਾਲ)
ਵਿਸ਼ੇਸ਼ ਸਕੱਤਰ

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ।

ਅੰ:ਵਿ:ਪੱ:ਨੰ:SSWCD-10/218/2022-5DC/ 777043 — ਮਿਤੀ, ਚੰਡੀਗੜ੍ਹ: 07.02.2024

ਪਿੰ:ਅੰ:ਨੰ: SSWCD-10/218/2022-5DC/ 777043 (1) — ਮਿਤੀ, ਚੰਡੀਗੜ੍ਹ: 07.02.2024

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਦੇ ਪੱਤਰ ਨੰ:3ਐਮ.ਈ 2.ਪੰ/2023/13584 ਮਿਤੀ 26.09.2023 ਦੇ ਹਵਾਲੇ ਵਿੱਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਵਿਚ ਦਰਸਾਏ ਗਏ ਮੈਡੀਕਲ ਬੋਰਡਾਂ ਨੂੰ ਹਦਾਇਤ ਕੀਤੀ ਜਾਵੇ ਕਿ ਵੱਖ-ਵੱਖ ਵਿਭਾਗਾਂ ਦੇ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦਾ ਮੈਡੀਕਲ ਮੁਆਇਨਾ/ਅੰਗਹੀਣ ਸਰਟੀਫਿਕੇਟ ਦੀ ਜਾਂਚ ਕੀਤੀ ਜਾਵੇ।

ਸ/-
(ਸ਼ੇਨਾ ਅਗਰਵਾਲ)
ਵਿਸ਼ੇਸ਼ ਸਕੱਤਰ

ਪਿੰ:ਅੰ:ਨੰ: SSWCD-10/218/2022-5DC/ 777043 (2) — ਮਿਤੀ, ਚੰਡੀਗੜ੍ਹ:07.02.2024

ਉਪਰੋਕਤ ਦਾ ਇੱਕ ਉਤਾਰਾ ਅਧੀਨ ਸਕੱਤਰ, ਪੰਜਾਬ ਵਿਧਾਨ ਸਭਾ ਸਕੱਤਰੇਤ (ਭਲਾਈ ਕਮੇਟੀ ਸ਼ਾਖਾ) ਨੂੰ ਉਨ੍ਹਾਂ ਦੇ ਪੱਤਰ ਨੰ: 12-3.ਕ.ਸ./2022-23/13902 ਮਿਤੀ 09-09-2022 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸ/-
(ਸ਼ੇਨਾ ਅਗਰਵਾਲ)
ਵਿਸ਼ੇਸ਼ ਸਕੱਤਰ